British Columbia's
**Office of the Human Rights Commissioner**

# ਨ਼ਫ਼ਰਤ ਤੋਂ ਉਮੀਦ ਤੱਕ:

# ਕਮਿਊਨਿਟੀ ਦੀ ਰੰਗ ਭਰਨ ਵਾਲੀ ਕਿਤਾਬ

**ਪੇਜ ਜੰਗ ਦਾ ਬਣਾਇਆ ਸਰਵਰਕ (ਕਵਰ) ਚਿੱਤਰ**
"ਨ਼ਫ਼ਰਤ ਤੋਂ ਉਮੀਦ ਤੱਕ" ਰਿਪੋਰਟ ਤੋਂ



## ਬੀ ਸੀ ਦੇ ਮਨੁੱਖੀ ਅਧਿਕਾਰ ਕਮਿਸ਼ਨਰ (ਬੀ ਸੀ ਦੇ ਆਫ਼ਿਸ ਆਫ਼ ਹਿਊਮਨ ਰਾਈਟਜ਼ ਕਮਿਸ਼ਨਰ) ਦਾ ਦਫ਼ਤਰ ਸਾਰਿਆਂ ਲਈ ਨਿਰਪੱਖਤਾ ਅਤੇ ਦਿਆਲਤਾ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਸਾਡਾ ਮੰਨਣਾ ਹੈ ਕਿ ਹਰ ਵਿਅਕਤੀ, ਭਾਵੇਂ ਉਹ ਕਿਸੇ ਵੀ ਪਿਛੋਕੜ ਦਾ ਹੋਵੇ, ਸਤਿਕਾਰ ਅਤੇ ਕਦਰ ਦਾ ਹੱਕਦਾਰ ਹੈ।

**ਇੱਕ ਮਹੱਤਵਪੂਰਨ ਚੀਜ਼ ਜਿਹੜੀ ਸਾਡਾ ਦਫ਼ਤਰ ਕਰਦਾ ਹੈ, ਉਸ ਨੂੰ ਜਾਂਚ ਕਿਹਾ ਜਾਂਦਾ ਹੈ। ਜਦੋਂ ਅਸੀਂ ਲੋਕਾਂ ਦੇ ਅਨੁਭਵਾਂ ਬਾਰੇ ਉਨ੍ਹਾਂ ਦੀਆਂ ਕਹਾਣੀਆਂ ਸੁਣਦੇ ਹਾਂ ਅਤੇ ਹਰ ਕਿਸੇ ਲਈ ਚੀਜ਼ਾਂ ਨੂੰ ਸਹੀ ਬਣਾਉਣ ਦੇ ਤਰੀਕਿਆਂ ਦਾ ਸੁਝਾਅ ਦਿੰਦੇ ਹਾਂ ਤਾਂ ਇਸ ਨੂੰ ਜਾਂਚ ਕਹਿੰਦੇ ਹਾਂ । ਸਾਡੀ ਪਹਿਲੀ ਜਾਂਚ ਰਿਪੋਰਟ "ਨਫ਼ਰਤ ਤੋਂ ਉਮੀਦ ਤੱਕ", ਨੇ ਸਾਨੂੰ ਇਸ ਬਾਰੇ ਬਹੁਤ ਕੁਝ ਸਿਖਾਇਆ ਕਿ ਕਿਵੇਂ ਕੁਝ ਲੋਕਾਂ ਨਾਲ ਉਨ੍ਹਾਂ ਦੀ ਪਛਾਣ (ਜਿਵੇਂ ਕਿ ਉਹ ਕਿਵੇਂ ਦਿਖਾਈ ਦਿੰਦੇ ਹਨ ਜਾਂ ਉਹ ਕਿੱਥੋਂ ਦੇ ਹਨ) ਦੇ ਕਾਰਨ ਬੁਰਾ ਵਿਵਹਾਰ ਕੀਤਾ ਜਾਂਦਾ ਹੈ।**

ਸਾਡੀ ਰਿਪੋਰਟ ਦੇ ਪ੍ਰਕਾਸ਼ਿਤ ਹੋਣ ਤੋਂ ਬਾਅਦ, ਅਸੀਂ ਫੋਰਟ ਸੇਂਟ ਜੌਨ, ਨੈਨਾਈਮੋ, ਕੇਰੇਮੀਓਸ ਅਤੇ ਵੈਨਕੂਵਰ ਵਿੱਚ ਕੰਧ-ਚਿੱਤਰ ਬਣਾਉਣ ਲਈ ਕਲਾਕਾਰਾਂ ਅਤੇ ਭਾਈਚਾਰਿਆਂ ਨਾਲ ਕੰਮ ਕੀਤਾ। ਹਰ ਇੱਕ ਕੰਧ-ਚਿੱਤਰ ਉਹਨਾਂ ਗੱਲਬਾਤਾਂ ਨੂੰ ਦਰਸਾਉਂਦਾ ਹੈ, ਜਿਹੜੀਆਂ ਹਰੇਕ ਗਰੁੱਪ ਨੇ ਆਪਣੇ ਨਫ਼ਰਤ ਦੇ ਅਨੁਭਵਾਂ, ਭਵਿੱਖ ਲਈ ਉਹਨਾਂ ਦੀ ਉਮੀਦ ਅਤੇ ਭਾਈਚਾਰੇ ਦੀ ਮਹੱਤਤਾ ਬਾਰੇ ਕੀਤੀਆਂ ਸਨ।

ਇਹ ਰੰਗ ਭਰਨ ਵਾਲੀ ਕਿਤਾਬ 'ਨਫ਼ਰਤ ਤੋਂ ਉਮੀਦ ਤੱਕ' ਰਿਪੋਰਟ ਵਿੱਚੋਂ ਅਤੇ ਹਰੇਕ ਸਥਾਨ ਦੇ ਕੰਧ-ਚਿੱਤਰਾਂ ਤੋਂ ਉਚੇਚ ਨਾਲ ਕਲਾ ਪੇਸ਼ ਕਰਦੀ ਹੈ। ਕਲਾ ਸਮਾਜ ਵਿੱਚ ਚੀਜ਼ਾਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਸਕਦੀ ਹੈ। ਇਹ ਕਈ ਤਰੀਕਿਆਂ ਨਾਲ ਅਜਿਹਾ ਕਰ ਸਕਦੀ ਹੈ। ਇੱਕ ਤਰੀਕਾ ਹੈ ਲੋਕਾਂ ਨੂੰ ਦਿਖਾਉਣਾ ਕਿ ਦੁਨੀਆ ਵਿੱਚ ਕੀ ਬੇਇਨਸਾਫ਼ੀ ਹੈ। ਕਲਾ ਲੋਕਾਂ ਨੂੰ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਣ ਵਿੱਚ ਵੀ ਮਦਦ ਕਰ ਸਕਦੀ ਹੈ। ਜਦੋਂ ਅਸੀਂ ਕਿਸੇ ਦੀ ਜ਼ਿੰਦਗੀ ਬਾਰੇ ਕੋਈ ਪੇਂਟਿੰਗ ਜਾਂ ਨਾਟਕ ਦੇਖਦੇ ਹਾਂ, ਤਾਂ ਅਸੀਂ ਕਲਪਨਾ ਕਰ ਸਕਦੇ ਹਾਂ ਕਿ ਉਨ੍ਹਾਂ ਦਾ ਹੋਣਾ ਕਿਹੋ ਜਿਹਾ ਹੈ। ਇਹ ਉਹਨਾਂ ਦੀਆਂ ਸਮੱਸਿਆਵਾਂ ਬਾਰੇ ਵਧੇਰੇ ਧਿਆਨ ਦੇਣ ਅਤੇ ਉਹਨਾਂ ਨੂੰ ਠੀਕ ਕਰਨ ਵਿੱਚ ਮਦਦ ਕਰਨ ਵਿੱਚ ਸਾਡੀ ਸਹਾਇਤਾ ਕਰਦੀ ਹੈ। ਕਲਾ ਲੋਕਾਂ ਨੂੰ ਠੀਕ ਲਈ ਖੜ੍ਹੇ ਹੋਣ ਅਤੇ ਇਹ ਮਹਿਸੂਸ ਕਰਨ ਵਿੱਚ ਮਦਦ ਕਰ ਸਕਦੀ ਹੈ ਕਿ ਅਸੀਂ ਸਾਰੇ ਹਿੱਸਾ ਹਾਂ। ਉਦਾਹਰਨ ਲਈ, ਜਦੋਂ ਅਸੀਂ ਆਪਣੇ ਆਪ ਨੂੰ ਕਿਸੇ ਪੇਂਟਿੰਗ ਵਿੱਚ ਪ੍ਰਤੀਬਿੰਬਤ ਹੁੰਦਾ ਦੇਖ ਸਕੀਏ।

ਸਾਡੀਆਂ ਲਾਇਬ੍ਰੇਰੀਆਂ ਵਿੱਚ, ਸਾਡੇ ਕਮਿਊਨਿਟੀ ਸੈਂਟਰਾਂ ਵਿੱਚ ਅਤੇ ਇੱਥੋਂ ਤੱਕ ਕਿ ਸਾਡੇ ਰਸੋਈ ਦੇ ਮੇਜ਼ਾਂ ਉੱਪਰ ਵੀ ਸਬੰਧਤ ਹੋਣਾ (ਬੀਲੌਂਗਿੰਗ) ਲੱਭ ਸਕਦੇ ਹਾਂ। ਸਾਡੀ 'ਨਫ਼ਰਤ ਤੋਂ ਉਮੀਦ ਤੱਕ' ਜਾਂਚ ਰਿਪੋਰਟ ਨੂੰ ਜਨਤਕ ਥਾਵਾਂ 'ਤੇ ਕੰਧ-ਚਿੱਤਰਾਂ ਰਾਹੀਂ ਜੀਵਿਤ ਕੀਤਾ ਗਿਆ ਸੀ—ਅਤੇ ਅਸੀਂ ਉਨ੍ਹਾਂ ਕੰਧ-ਚਿੱਤਰਾਂ ਨੂੰ ਬਣਾਇਆ ਕਿਉਂਕਿ ਅਸੀਂ ਜਾਣਦੇ ਹਾਂ ਕਿ ਜਨਤਕ ਕਲਾ ਗੱਲਬਾਤ ਸ਼ੁਰੂ ਕਰਨ, ਸੋਚਣ ਲਾਉਣ ਅਤੇ ਅੰਤ ਵਿੱਚ ਬਦਲਾਅ ਦਾ ਇੱਕ ਤਰੀਕਾ ਹੈ।

ਅਸੀਂ ਉਮੀਦ ਕਰਦੇ ਹਾਂ ਕਿ ਬਾਲਗ ਅਤੇ ਬੱਚੇ ਦੋਵੇਂ ਇਸ ਕਿਤਾਬ ਨਾਲ ਜੁੜਨਗੇ, ਅਤੇ ਇਹ ਵੀ ਕਿ ਦੇਖਭਾਲ ਕਰਨ ਵਾਲੇ ਇਸ ਕਿਤਾਬ ਦੀ ਵਰਤੋਂ ਕਰਨ ਵਾਲੇ ਨੌਜਵਾਨਾਂ ਨਾਲ ਗੱਲਬਾਤ ਸ਼ੁਰੂ ਕਰਨ ਲਈ ਅੰਤ ਵਿੱਚ ਚਰਚਾ ਵਾਲੇ ਸਵਾਲਾਂ ਨੂੰ ਲਾਭਦਾਇਕ ਸਮਝਣਗੇ।

ਅਸੀਂ ਉਨ੍ਹਾਂ ਸਾਰਿਆਂ ਦੇ ਧੰਨਵਾਦੀ ਹਾਂ, ਜਿਨ੍ਹਾਂ ਨੇ ਪੁੱਛਗਿੱਛ ਵਿੱਚ ਹਿੱਸਾ ਲਿਆ — ਜਿਨ੍ਹਾਂ ਨੇ ਸਾਨੂੰ ਆਪਣੇ ਤਜਰਬਿਆਂ ਬਾਰੇ ਦੱਸਿਆ, ਜਿਨ੍ਹਾਂ ਨੇ ਆਪਣੇ ਕੰਮ ਨੂੰ ਸਾਂਝਾ ਕੀਤਾ ਜਿਹੜਾ ਉਹ ਹਰ ਰੋਜ਼ ਕਮਿਊਨਿਟੀਆਂ ਵਿੱਚ ਕਰਦੇ ਹਨ ਅਤੇ ਗਿਆਨਵਾਨਾਂ, ਬਜ਼ੁਰਗਾਂ ਅਤੇ ਦੇਖਭਾਲ ਕਰਨ ਵਾਲਿਆਂ ਦੇ, ਜਿਨ੍ਹਾਂ ਨੇ ਇਸ ਕੰਮ ਵਿੱਚ ਸਹਾਇਤਾ ਕੀਤੀ।

**ਇਸ ਸਥਾਨ, ਜਿਸ ਨੂੰ ਅਸੀਂ ਹੁਣ ਬ੍ਰਿਟਿਸ਼ ਕੋਲੰਬੀਆ ਕਹਿੰਦੇ ਹਾਂ ਦੇ ਇਨਡਿਜਨਿਸ ਲੋਕਾਂ ਨੂੰ: ਅੱਜ ਅਸੀਂ ਆਪਣਾ ਮਨ ਤੁਹਾਡੇ ਵੱਲ ਅਤੇ ਤੁਹਾਡੇ ਪੁਰਖਿਆਂ ਵੱਲ ਮੋੜਦੇ ਹਾਂ। ਤੁਸੀਂ ਆਪਣੀ ਬੇਦਾਗ਼ (ਅਨਸੀਡਡ) ਮਾਤ-ਭੂਮੀ ਨੂੰ ਮਜ਼ਬੂਤ ਰੱਖਿਆ ਹੈ। ਅਸੀਂ ਇੱਥੇ ਰਹਿਣ ਅਤੇ ਕੰਮ ਕਰਨ ਲਈ ਸ਼ੁਕਰਗੁਜ਼ਾਰ ਹਾਂ।**

British Columbia's
**Office of the Human Rights Commissioner**




ਨੈਨਾਈਮੋ
**ਲੌਰੇਨ ਸੇਮਪਲ ਅਤੇ ਲਾਇਸ ਗਲਾਸਫੋਰਡ**
ਅਤੇ ‘ਰਾਈਜ਼ਬ੍ਰਿਜ਼’ ਦੇ ‘ਆਈ ਬੀ ਪੀ ਓ ਸੀ’ ਦੇ ਗਰਮੀ ਦੇ ਪ੍ਰੋਗਰਾਮ(ਸਮਰ ਪ੍ਰੋਗਰਾਮ) ਦੇ ਯੁਵਕ


“

# ਜਨਤਕ ਕਲਾ ਸਾਨੂੰ ਭਾਈਚਾਰੇ ਦੀ ਸ਼ਕਤੀ ਦੀ ਯਾਦ ਦਿਵਾ ਸਕਦੀ ਹੈ।

**– ਕਾਸਾਰੀ ਗੋਵੈਂਡਰ**
**ਬੀ ਸੀ ਦੇ ਮਨੁੱਖੀ ਅਧਿਕਾਰ ਕਮਿਸ਼ਨਰ**

”


ਨਫ਼ਰਤ ਤੋਂ ਉਮੀਦ ਤੱਕ
ਪੇਜ ਜੰਗ ਦੁਆਰਾ
ਬਣਾਏ ਚਿੱਤਰ
“ਨਫ਼ਰਤ ਤੋਂ ਉਮੀਦ ਤੱਕ”
ਰਿਪੋਰਟ ਤੋਂ



ਫੋਰਟ ਸੇਂਟ ਜੌਨ

**ਫੈਕੁੰਡੋ ਗੈਸਟੀਆਜ਼ੋਰੋ ਅਤੇ ਸਟੈਫਨੀ ਐਂਡਰਸਨ**


ਅਤੇ ਫੋਰਟ ਸੇਂਟ ਜੌਨ ਕਮਿਊਨਿਟੀ ਆਰਟਸ ਕੌਂਸਲ


ਨਫ਼ਰਤ ਤੋਂ ਉਮੀਦ ਤੱਕ
ਪੇਜ ਜੰਗ ਦੁਆਰਾ
ਬਣਾਏ ਚਿੱਤਰ
“ਨਫ਼ਰਤ ਤੋਂ ਉਮੀਦ ਤੱਕ”
ਰਿਪੋਰਟ ਤੋਂ

“


# ਕਲਾ ਇਹੀ ਕਰਦੀ ਹੈ। ਇਹ ਜੀਵਨ ਦੇ ਸਾਰੇ ਖੇਤਰਾਂ ਦੇ ਲੋਕਾਂ ਨੂੰ ਇਕੱਠੇ ਕਰਦੀ ਹੈ ਅਤੇ ਤੁਹਾਨੂੰ ਵੱਡੀ ਤਸਵੀਰ ਬਾਰੇ ਸੋਚਣ ਲਈ ਮਜਬੂਰ ਕਰਦੀ ਹੈ।

– ਹੇਲੀ ਰੀਗਨ
ਕੇਰੇਮੀਓਸ ਦੇ ਕੰਧ-ਚਿੱਤਰ ਕਲਾਕਾਰ


ਕੇਰੇਮੀਓਸ
ਹੇਲੀ ਰੀਗਨ
ਅਤੇ ‘ਐੱਸ ਓ ਆਈ ਸੀ ਐੱਸ’ ਵੰਨ
ਵਰਲਡ ਯੂਥ ਕਰੂਅ ਦੇ ਯੁਵਕ


ਵੈਨਕੂਵਰ
ਪੇਜ ਜੰਗ ਅਤੇ
ਮਲੇਨਾ ਮੋਖੋਵਿਕੋਵਾ
ਅਤੇ ਬ੍ਰਿਟਾਨੀਆ ਦੇ ਯੁਵਕ




Gyro Bandshell
Every Child Matters
ਕੇਰੇਮੀਓਸ
ਹੇਲੀ ਰੀਗਨ
ਅਤੇ 'ਐੱਸ ਓ ਆਈ ਸੀ ਐੱਸ' ਵੱਨ
ਵਰਲਡ ਯੂਥ ਕਰੂਅ ਦੇ ਯੁਵਕ


ਵੈਨਕੂਵਰ
ਪੇਜ ਜੰਗ ਅਤੇ
ਮਲੇਨਾ ਮੋਖੋਵਿਕੋਵਾ
ਅਤੇ ਬ੍ਰਿਟਾਨੀਆ ਦੇ ਯੁਵਕ


ਨੈਨਾਈਮੋ
ਲੌਰੇਨ ਸੇਮਪਲ ਅਤੇ ਲਾਇਸ ਗਲਾਸਫੋਰਡ
ਹਿਊਮੈਨਿਟੀ ਇਨ ਆਰਟ ਤੋਂ ਅਤੇ 'ਰਾਈਜ਼ਬ੍ਰਿਜ਼' ਦੇ 'ਆਈ ਬੀ ਪੀ ਓ ਸੀ' ਦੇ ਗਰਮ ਰੁੱਤ ਦੇ ਪ੍ਰੋਗਰਾਮ(ਸਮਰ ਪ੍ਰੋਗਰਾਮ) ਦੇ ਯੁਵਕ

## ਸਾਡੀ 'ਨਫ਼ਰਤ ਤੋਂ ਉਮੀਦ ਤੱਕ' ਦੀ ਜਾਂਚ ਰਿਪੋਰਟ ਨੂੰ ਜਨਤਕ ਥਾਵਾਂ 'ਤੇ ਕੰਧ-ਚਿੱਤਰਾਂ ਰਾਹੀਂ ਜੀਵਿਤ ਕੀਤਾ ਗਿਆ ਸੀ—ਅਤੇ ਅਸੀਂ ਉਨ੍ਹਾਂ ਕੰਧ-ਚਿੱਤਰਾਂ ਨੂੰ ਬਣਾਇਆ ਕਿਉਂਕਿ ਅਸੀਂ ਜਾਣਦੇ ਹਾਂ ਕਿ ਜਨਤਕ ਕਲਾ ਗੱਲਬਾਤ ਸ਼ੁਰੂ ਕਰਨ, ਸੋਚਣ ਲਾਉਣ ਅਤੇ ਅੰਤ ਵਿੱਚ ਬਦਲਾਅ ਦਾ ਇੱਕ ਤਰੀਕਾ ਹੈ।

**ਅਸੀਂ ਤੁਹਾਨੂੰ ਇਹਨਾਂ ਸਵਾਲਾਂ ਦੀ ਪੜਚੋਲ ਕਰਨ ਅਤੇ ਸਾਂਝੇ ਕਰਨ ਅਤੇ ਗੱਲਬਾਤ ਜਾਰੀ ਰੱਖਣ ਲਈ ਸੱਦਾ ਦਿੰਦੇ ਹਾਂ।**

- **ਉਚਿੱਤ ਵਿਹਾਰ ਪ੍ਰਾਪਤ ਕਰਨ ਦਾ ਕੀ ਮਤਲਬ ਹੈ? ਅਣਉਚਿੱਤ ਵਿਹਾਰ ਕਿਵੇਂ ਮਹਿਸੂਸ ਕਰਵਾਉਂਦਾ ਹੈ?**
- **ਅਸੀਂ ਦੂਜਿਆਂ ਪ੍ਰਤੀ ਦਿਆਲਤਾ ਕਿਵੇਂ ਦਿਖਾ ਸਕਦੇ ਹਾਂ?**
- **ਤੁਸੀਂ ਅਤੇ ਤੁਹਾਡਾ ਪਰਿਵਾਰ ਕਿਹੜੇ ਭਾਈਚਾਰਿਆਂ ਦਾ ਹਿੱਸਾ ਹੋ?**
- **ਕਲਾ ਲੋਕਾਂ ਨੂੰ ਆਪਣੇ ਭਾਈਚਾਰਿਆਂ ਵਿੱਚ ਸੁਰੱਖਿਅਤ ਮਹਿਸੂਸ ਕਰਨ ਵਿੱਚ ਕਿਵੇਂ ਮਦਦ ਕਰ ਸਕਦੀ ਹੈ?**
- **ਆਪਣਾ ਵੱਖਰਾ ਕੰਧ-ਚਿੱਤਰ ਬਣਾਓ! ਤੁਹਾਡੇ ਲਈ 'ਨਫ਼ਰਤ ਤੋਂ ਉਮੀਦ ਤੱਕ' ਦਾ ਕੀ ਅਰਥ ਹੈ?**


### ਧੰਨਵਾਦ

**ਪੇਜ ਜੰਗ** (ਰਿਪੋਰਟ ਆਰਟ ਐਂਡ ਵੈਨਕੂਵਰ ਮਿਊਰਲ), **ਮੈਲੇਨਾ ਮੋਖੋਵਿਕੋਵਾ, ਬ੍ਰਿਟਾਨੀਆ ਕਮਿਊਨਿਟੀ ਸਰਵਿਸਿਜ਼ ਸੋਸਾਇਟੀ, ਬ੍ਰਿਟਾਨੀਆ ਸੈਕੰਡਰੀ ਸਕੂਲ** (ਵੈਨਕੂਵਰ ਮਿਊਰਲ) **ਦੇ ਯੁਵਕ**

**ਹੇਲੀ ਰੀਗਨ ਅਤੇ ਦੱਖਣੀ ਓਕਨਐਗਨ ਇਮੀਗ੍ਰੈਂਟ ਐਂਡ ਕਮਿਊਨਿਟੀ ਸਰਵਿਸਿਜ਼** (ਐੱਸ ਓ ਆਈ ਸੀ ਐੱਸ) **ਤੋਂ ਯੁਵਕ, ਵਨ ਵਰਲਡ ਯੂਥ ਕਰੂਅ** (ਕੇਰੇਮੀਓਸ ਮਿਊਰਲ)

**ਹਿਊਮੈਨਿਟੀ ਇਨ ਆਰਟ ਤੋਂ ਲੌਰੇਨ ਸੇਮਪਲ ਅਤੇ ਲਾਇਸ ਗਲਾਸਫੋਰਡ ਅਤੇ 'ਰਾਈਜ਼ਬ੍ਰਿਜ਼' ਦੇ 'ਆਈ ਬੀ ਪੀ ਓ ਸੀ' ਦੇ ਗਰਮ ਰੁੱਤ ਦੇ ਪ੍ਰੋਗਰਾਮ(ਸਮਰ ਪ੍ਰੋਗਰਾਮ) ਦੇ ਯੁਵਕ** (ਨੈਨਾਈਮੋ ਮਿਊਰਲ)

**ਰੈਵੇਨ-ਟਕੁਆਰਾ ਆਰਟਿਸਟ ਕਲੈਕਟਿਵ ਦੇ ਫੈਕੁੰਡੋ ਗੈਸਟੀਆਜ਼ੋਰੋ ਅਤੇ ਸਟੈਫਨੀ ਐਂਡਰਸਨ ਅਤੇ ਫੋਰਟ ਸੇਂਟ ਜੌਨ ਕਮਿਊਨਿਟੀ ਆਰਟਸ ਕੌਂਸਲ** (ਫੋਰਟ ਸੇਂਟ ਜੌਨ ਮਿਊਰਲ)


ਜੇਕਰ ਤੁਸੀਂ 'ਨਫ਼ਰਤ ਤੋਂ ਉਮੀਦ ਤੱਕ' ਰਿਪੋਰਟ ਬਾਰੇ ਹੋਰ ਜਾਣਨਾ ਚਾਹੁੰਦੇ ਹੋ, ਤਾਂ ਇਸ ਵਾਸਤੇ ਇੱਥੇ ਪਹੁੰਚ ਕਰੋ:
**bchumanrights.ca/inquiry-into-hate**



ਕੇਰੇਮੀਓਸ, ਬੀ ਸੀ



ਫੋਰਟ ਸੇਂਟ ਜੌਨ, ਬੀ ਸੀ



ਵੈਨਕੂਵਰ, ਬੀ ਸੀ



ਨੈਨਾਈਮੋ, ਬੀ ਸੀ

# ਨਫ਼ਰਤ ਤੋਂ ਉਮੀਦ ਤੱਕ: ਕਮਿਊਨਿਟੀ ਦੀ ਰੰਗ ਭਰਨ ਵਾਲੀ ਕਿਤਾਬ

ਇਹ ਪ੍ਰਕਾਸ਼ਨ ਬ੍ਰਿਟਿਸ਼ ਕੋਲੰਬੀਆ ਦੇ ਮਨੁੱਖੀ ਅਧਿਕਾਰ ਕਮਿਸ਼ਨਰ ਦੇ ਦਫ਼ਤਰ ਦੀ ਵੈੱਬਸਾਈਟ 'ਤੇ ਇਲੈੱਕਟ੍ਰਾਨਿਕ ਫਾਰਮੈਟ ਵਿੱਚ ਪਾਇਆ ਜਾ ਸਕਦਾ ਹੈ:
**bchumanrights.ca/inquiry-into-hate**

ਬ੍ਰਿਟਿਸ਼ ਕੋਲੰਬੀਆ ਦੇ ਮਨੁੱਖੀ ਅਧਿਕਾਰ ਕਮਿਸ਼ਨਰ ਦਾ ਦਫ਼ਤਰ (ਬੀ ਸੀ ਓ ਐੱਚ ਆਰ ਸੀ) ਇਸ ਪ੍ਰਕਾਸ਼ਨ ਵਿੱਚ ਪੇਸ਼ ਕੀਤੀ ਜਾਣਕਾਰੀ ਦੇ ਪ੍ਰਸਾਰ ਅਤੇ ਅਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਦਾ ਹੈ। ਇਸ ਪ੍ਰਕਾਸ਼ਨ ਵਿੱਚ ਪੇਸ਼ ਕੀਤੀ ਗਈ ਸਾਰੀ ਸਮੱਗਰੀ ਕਰੀਏਟਿਵ ਕਾਮਨਜ਼ ਐਟ੍ਰੀਬਿਊਸ਼ਨ 4.0 ਇੰਟਰਨੈਸ਼ਨਲ ਲਾਇਸੰਸ ਦੇ ਅਧੀਨ ਲਾਇਸੰਸ ਸ਼ੁਦਾ ਹੈ, ਸਿਵਾਏ ਫ਼ੋਟੋਆਂ ਅਤੇ ਚਿੱਤਰਾਂ, 'ਬੀ ਸੀ ਓ ਐੱਚ ਆਰ ਸੀ' ਦੇ ਲੋਗੋ, ਕਿਸੇ ਵੀ ਬ੍ਰਾਂਡਿੰਗ ਜਾਂ ਟਰੇਡ-ਮਾਰਕ, ਤੀਜੀ ਧਿਰ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ (ਕਨਟੈਂਟ) ਜਾਂ ਸਮੱਗਰੀ (ਮਾਟੀਰੀਅਲ) ਅਤੇ ਜਾਂ ਜਿੱਥੇ ਸੰਕੇਤ ਦਿੱਤਾ ਗਿਆ ਹੋਵੇ। **ਲਾਇਸੰਸ ਦੀ ਪੜਚੋਲ ਕਰਨ ਲਈ, ਇੱਥੇ ਜਾਓ: creativecommons.org/licenses/by/4.0/**

ISBN: **978-1-990626-08-1**

ਸੋਸ਼ਲ ਮੀਡੀਆ 'ਤੇ ਸਾਨੂੰ ਲੱਭੋ **@humanrights4bc**

© **British Columbia's Office of the Human Rights Commissioner**

536 - 999 Canada Place Vancouver, BC V6C 3E1
**1-844-922-6472 | info@bchumanrights.ca**

British Columbia's
**Office of the Human Rights Commissioner**